ਪੰਜਾਬ ਆਯੁਰਵੇਦ ਯੂਨੀਵਰਸਿਟੀ ਹੁਸ਼ਿਆਰਪੁਰ ਵਿਖੇ ਸਥਾਪਿਤ ਹੋਵੇਗੀ-ਅਵਿਨਾਸ਼ ਚੰਦਰ

ਲੁਧਿਆਣਾ, 12 ਫਰਵਰੀ (ਰਾਜ ਜੋਸ਼ੀ) ਸ੍ਰੀ ਅਵਿਨਾਸ਼ ਚੰਦਰ ਮੁੱਖ ਪਾਰਲੀਮਾਨੀ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਵਲੋ ਪੰਜਾਬ ਆਯੁਰਵੇਦ ਯੂਨੀਵਰਸਿਟੀ ਹੁਸ਼ਿਆਰਪੁਰ ਵਿਖੇ ਸਥਾਪਿਤ ਕੀਤੀ ਜਾ ਰਹੀ ਹੈ ਅਤੇ ਇਸ ਦਾ ਨਾਮ ਸ੍ਰੀ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਰੱਖਿਆ ਗਿਆ ਹੈ। ਸ੍ਰੀ ਅਵਿਨਾਸ਼ ਚੰਦਰ ਅੱਜ ਬਸਤੀ ਜੋਧੇਵਾਲ ਸ੍ਰੀ ਗੁਰੂ ਰਵਿਦਾਸ ਚੌਕ, ਸ੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਸ: ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਵਲੋ ਐਲਾਨ ਕੀਤੇ ਗਏ 11 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਸ੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਸਭਾ ਦੇ ਆਹੁੱਦੇਦਾਰਾਂ ਨੂੰ ਭੇਟ ਕਰਨ ਉਪਰੰਤ ਇੱਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਅਵਿਨਾਸ਼ ਚੰਦਰ ਨੇ ਦੱਸਿਆ ਕਿ ਪੰਜਾਬ ਆਯੁਰਵੇਦ ਯੂਨੀਵਰਸਿਟੀ ਦਾ ਨਾਮ ਸ੍ਰੀ ਗੁਰੂ ਰਵਿਦਾਸ ਯੂਨੀਵਰਸਿਟੀ ਰੱਖਣ ਸਬੰਧੀ ਪੰਜਾਬ ਵਿਧਾਨ ਸਭਾ ਵਿੱਚ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਹ ਯੂਨੀਵਰਸਿਟੀ ਆਯੁਰਵੇਦ ਯੋਗਾ, ਨੈਚਰੋਪੈਥੀ, ਯੂਨਾਨੀ, ਸਿੱਧਾ ਅਤੇ ਹੋਮੀਓਪੈਥੀ ਵਿੱਚ ਸਿਖਲਾਈ ਅਤੇ ਖੋਜ ਸਬੰਧੀ ਸਿੱਖਿਆ ਦੇਣ ਦੇ ਮਕਸਦ ਨਾਲ ਸਥਾਪਿਤ ਕੀਤੀ ਜਾ ਰਹੀ ਹੈ। ਸ੍ਰੀ ਗੁਰੂ ਰਵਿਦਾਸ ਜੀ ਨੂੰ ਆਪਣਾ ਸਤਿਕਾਰ ਭੇਟ ਕਰਦਿਆ ਮੁੱਖ ਪਾਰਲੀਮਾਨੀ ਸਕੱਤਰ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਇੱਕ ਮਹਾਨ ਸਮਾਜ ਸੁਧਾਰਕ ਸਨ ਜਿਹਨਾਂ ਨੇ ਸਮਾਜ ਵਿਚੋ ਛੂਆ-ਛਾਤ ਨੂੰ ਖਤਮ ਕਰਕੇ ਬਰਾਬਰਤਾ ਲਿਆਉਣ ਲਈ ਲੋਕਾਂ ਨੂੰ ਇੱਕ ਲੜੀ ਵਿੱਚ ਪਿਰੋਇਆ ਅਤੇ ਬਰਾਬਰਤਾ, ਮਾਨਵਤਾ ਦੀ ਭਲਾਈ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਉਹਨਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਨੇ ਉਸ ਸਮੇ ਪ੍ਰਚਲਿਤ ਸਮਾਜਿਕ ਬੁਰਾਈਆਂ ਵਿਰੁੱਧ ਅਵਾਜ਼ ਬੁਲੰਦ ਕੀਤੀ ਅਤੇ ਲੋਕਾਂ ਨੂੰ ਊਚ-ਨੀਚ, ਜਾਤ-ਪਾਤ ਤੋ ਉਪਰ ਉਠ ਕੇ ਇੱਕ ਨਿਰੋਏ ਸਮਾਜ ਦੀ ਸਿਰਜਣਾ ਦਾ ਸੰਦੇਸ਼ ਦਿੱਤਾ। ਉਹਨਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਜਾਤ-ਪਾਤ ਦਾ ਸਿਸਟਮ ਤਾਂ ਸਮਾਜ ਦੀ ਦੇਣ ਹੈ ਪਰ ਪ੍ਰਮਾਤਮਾ ਨੇ ਸਾਰੇ ਇਨਸਾਨਾਂ ਨੂੰ ਇਕੋ ਜਿਹਾ ਬਣਾਇਆ ਹੈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਵਲੋ ਰਚੀ-ਬਾਣੀ ਦੇ ਪਵਿੱਤਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਉਹਨਾਂ ਕਿਹਾ ਕਿ ਭਾਰਤ ਰਿਸ਼ੀਆਂ ਮੁੰਨੀਆਂ, ਪੀਰ ਪੈਗੰਬਰਾ ਅਤੇ ਮਹਾਨ ਗੁਰੂਆਂ ਦਾ ਦੇਸ਼ ਹੈ ਜਿਹਨਾਂ ਨੇ ਸਮੇ-ਸਮੇ ਸਿਰ ਅਵਤਾਰ ਲੈ ਕੇ ਸਮਾਜ ਵਿਚੋ ਛੂਆ-ਛਾਤ ਨੂੰ ਖਤਮ ਕਰਕੇ ਆਪਸੀ ਭਾਈਚਾਰੇ ਨੂੰ ਮਜਬੂਤ ਕਰਨ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ। ਉਹਨਾਂ ਕਿਹਾ ਕਿ ਇੱਕ ਚੰਗੇ ਅਤੇ ਨਿਰੋਏ ਸਮਾਜ ਦੀ ਸਿਰਜਣਾ ਲਈ ਸਾਨੂੰ ਆਪਣੇ ਮਹਾਨ ਗੁਰੂਆਂ ਵਲੋ ਦਿਖਾਏ ਰਸਤੇ ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਤੇ ਸ੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਸਭਾ ਦੇ ਚੇਅਰਮੈਨ ਸ੍ਰੀ ਮੇਜਰ ਸਿੰਘ, ਪ੍ਰਧਾਨ ਸ੍ਰੀ ਜਿੰਦਰਪਾਲ ਦੜੌਚ, ਜਨਰਲ ਸੈਕਟਰੀ ਸ੍ਰੀ ਨਰਿੰਦਰ ਬਿੱਟੂ, ਮੀਤ ਪ੍ਰਧਾਨ ਭਾਰਤ ਭੂਸ਼ਣ, ਡਾਂ ਰਾਮਜੀਤ ਸੂਦ, ਸ੍ਰੀ ਦਵਿੰਦਰ ਸਾਂਪਲਾ, ਸ੍ਰੀ ਦਿਲਬਾਗ ਬੰਗਾਂ, ਸ੍ਰੀ ਰਜਿੰਦਰ ਚੰਦੜ,ਮਾਸਟਰ ਪਰਮਜੀਤ ਚੁੰਬਰ, ਸ੍ਰੀ ਰਮੇਸ਼, ਬਲਵਿੰਦਰ ਬੀਟਾ, ਸ੍ਰੀ ਜਸਵੀਰ ਕੁਮਾਰ ਲੱਧੜ ਅਤੇ ਕੌਸਲਰ ਸ੍ਰੀ ਗੁਰਪ੍ਰੀਤ ਸਿੰਘ ਗੋਰਾ ਹਾਜ਼ਰ ਸਨ।

ਵਿਕਾਸ ਕਾਰਜ ਬਾਦਲ ਸਰਕਾਰ ਸਮੇਂ ਹੀ ਹੁੰਦੇ-ਪ੍ਰੋ. ਵਿਰਸਾ ਸਿੰਘ

ਖਾਲੜਾ, ਭਿੰਖੀਵਿੰਡ, 12 ਫਰਵਰੀ (ਹਰਜੀਤ ਸਿੰਘ ਲਵਲੀ)-ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 18 ਫਰਵਰੀ ਨੂੰ ਵਿਧਾਨ ਸਭਾ ਹਲਕਾ ਵਲਟੋਹਾ ਅੰਦਰ ਵਿਕਾਸ ਕਾਰਜਾਂ ਦੇ ਜਿੱਥੇ ਨੀਂਹ ਪੱਥਰ ਰੱਖਣਗੇ। ਉੱਥੇ ਇੱਕ ਜਨਤਕ ਰੈਲੀ ਨੂੰ ਵੀ ਅਮਰਕੋਟ ਵਿਖੇ ਸੰਬੋਧਨ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਵਲਟੋਹਾ ਦੇ ਵਿਧਾਇਕ ਪ੍ਰੋ. ਵਿਰਸਾ ਸਿੰਘ ਵਲਟੋਹਾ ਨੇ ਅੱਜ ਅਕਾਲੀ ਆਗੂ ਅਮਰਜੀਤ ਸਿੰਘ ਡੇਅਰੀ ਵਾਲੇ ਦੇ ਗ੍ਰਹਿ ਭਿੱਖੀਵਿੰਡ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹਲਕੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਤੋਂ ਜਨਤਾ ਜਿੱਥੇ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਹੈ, ਉੱਥੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਹਲਕਾ ਵਾਸੀਆਂ ਦੀ ਮੁੱਖ ਸਹੂਲਤ ਵਾਸਤੇ ਇੱਕ ਆਦਰਸ਼ ਸਕੂਲ ਤੇ ਗੌਰਮਿੰਟ ਕਾਲਜ ਦਾ ਨੀਂਹ ਪੱਥਰ ਪਿੰਡ ਚੂੰਘ ਵਿਖੇ ਰੱਖਣ ਉਪਰੰਤ ਹਲਕੇ ਅੰਦਰ ਹੋਰ ਵੀ ਕਈ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣਗੇ। ਇਸ ਮੌਕੇ ਬਾਊ ਪ੍ਰਮਜੀਤ ਸ਼ਰਮਾ ਤੇਲ ਵਾਲੇ, ਦਿਨੇਸ਼ ਕੁਮਾਰ ਸ਼ਰਮਾ, ਠੇਕੇਦਾਰ ਵਿਰਸਾ ਸਿੰਘ ਮੈਂਬਰ ਜ਼ਿਲ੍ਹਾ ਸਲਾਹਕਾਰ ਕਮੇਟੀ, ਪ੍ਰਭਜੀਤ ਸਿੰਘ ਬੱਬੂ, ਮਾੜੀਗੌੜ ਸਿੰਘ, ਗੁਰਜੰਟ ਸਿੰਘ ਦਰਿਆ, ਹਰਭਾਲ ਸਿੰਘ ਫਰੰਟੀਪੁਰ, ਕਾਲਾ ਸਿੰਘ ਫਰੰਦੀਪੁਰ, ਸਤਨਾਮ ਸਿੰਘ ਮੱਖੀ, ਗੁਰਦਤਾਰ ਸਿੰਘ ਸਰਪੰਚ ਬੈਂਕਾਂ, ਗੁਰਦੇਵ ਸਿੰਘ ਸਰਪੰਚ, ਨਿੰਦਰ ਸਿੰਘ ਮੈਂਬਰ ਮਾਰਕੀਟ ਕਮੇਟੀ ਆਦਿ ਹਾਜ਼ਰ ਸਨ।

ਟੈਕਨਾਲੋਜੀ ਜਾਗਰੂਕਤਾ ਕੈਂਪ ਆਯੋਜਿਤ

ਮੰਡੀ ਗੋਬਿੰਦਗੜ੍ਹ, 12 ਫਰਵਰੀ (ਵਿਪਨ ਬਾਂਸਲ)- ਰਿਮਟ ਦੇ ਸਿਵਲ ਇੰਸਟੀਅਰਿਗ ਵਿਭਾਗ ਨੇ ਕਾਰਬਨ ਡਾਈਅਕਸਾਈਡ ਘਟਾਉਣ ਲਈ ਰਿਮਟ ਇੰਸਟੀਚਿਊਟ ਆਫ਼ ਇੰਜਨੀਅਰਿੰਗ ਟੈਕਨਾਲੋਜੀ ਵਿੱਚ ਅੱਜ ਇਕ ਜਾਗਰੂਕਤਾ ਵਰਕਸ਼ਾਪ ਕਾਲਜ ਕੰਪਲੈਕਸ ਵਿਚ ਲਗਾਈ, ਜਿਸ ਵਿਚ ਨੈਸਨਲ ਇੰਸਟੀਚਿਊਟ ਆਫ਼ ਸੈਕੰਡਰੀ ਸਟੀਲ ਟੈਕਨਾਲੋਜੀ ਦੇ ਸੀਨੀਅਰ ਡਿਪਟੀ ਡਾਇਰੈਕਟਰ ਸ. ਜੇ.ਐਸ.ਚਾਵਲਾ ਨੇ ਮੁਖਮਹਿਮਾਨ ਵਜੋਂ ਸਿਰਕਤ ਕੀਤੀ ਜਦੋਕਿ ਸਿਵਲ ਇੰਜਨੀਅਰਿੰਗ ਵਿਭਾਗ ਦੇ ਮਬੁਖੀ ਡਾ. ਵੀ.ਐਸ.ਬੱਤਰਾ ਮੁੱਖ ਬੁਲਾਰੇ ਵਜੋਂ ਸਾਮਲ ਹੋਏ। ਕਾਲਜ ਦੇ ਪ੍ਰਿੰਸੀਪਲ ਡਾ. ਹਰਸ ਸਦਾਵਰਤੀ ਨੇ ਮੁੱਖ ਮਹਿਮਾਨ ਅਤੇ ਪਤਵੰਤਿਆਂ ਨੂੰ ਜੀ ਆਇਆ ਨੂੰ ਕਿਹਾ। ਰਿਮਟ ਗਰੁਪ ਦੇ ਵਾਈਸ ਚੈਅਰਮੈਨ ਸ੍ਰੀ ਵਿਯੰਤ ਬਾਂਸਲ ਨੇ ਗਰੁਪ ਵਲੋਂ ਪ੍ਰਦੂਸ਼ਨ ਖਿਲਾਫ਼ ਲਾਮਬੰਦ ਹੋਣ ਤੇ ਜੋਰ ਦਿਤਾ। ਇਸ ਮੌਕੇ ਤੇ ਬੋਲਦਿਆਂ ਡਾ. ਬੱਤਰਾ ਨੇ ਕਿਹਾ ਕਿ ਦੇਸ ਵਿਚ ਦਿਨ ਪ੍ਰਤੀ ਦਿਨ ਵੱਧ ਰਹੀ ਅਬਾਦੀ ਅਤੇ ਲੱਕੜੀ ਦੇ ਬਾਲਣ ਦੀ ਵਧ ਰਹੀ ਮੰਗ ਬਹੁਤ ਹੀ ਭਿਆਨਕ ਹੈ ਕਿਉਂਕਿ ਇਸਦੇ ਮੁਕਾਬਲੇ ਵਿਚ ਜੰਗਲ ਘੱਟਦੇ ਜਾ ਰਹੇ ਹਨ ਅਤੇ ਡੈਮਾਂ ਵਿਚ ਪਾਣੀ ਦਾ ਪੱਧਰ ਵੀ ਦਿਨ ਪ੍ਰਤੀ ਦਿਨ ਘੱਟਦਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਬਹੁਤ ਸਾਰੀਆਂ ਥਾਵਾਂ ਤੇ ਬਰਫੀਲੇ ਪਹਾੜਾ ਦੇ ਪਿਘਲਣ ਨਾਲ ਸਮੁੰਦਰਾਂ ਵਿਚ ਪਾਣੀ ਦਾ ਵਹਾਅ ਵੱਧਣ ਕਾਰਣ ਹੜ੍ਹਾਂ ਦਾ ਖਤਰਾ ਬਣੇਗਾ। ਉਨ੍ਹਾਂ ਕਿਹਾ ਕਿ ਸਾਨੂੰ ਕੁੱਦਰਤ ਦੇ ਅਸੂਲਾਂ ਦੇ ਉਲਟ ਜਾਣ ਦੀ ਥਾ ਵਾਤਾਵਰਣ ਵਿਚ ਤਬਦੀਲੀਆਂ ਲਿਆਉਣ ਦੀ ਜਰੂਰਤ ਹੈ ਕਿਉਂਕਿ ਅੱਜ ਕਾਰਬਨ ਡਾਈਐਕਸਾਈਡ ਵੱਧਣ ਅਤੇ ਪ੍ਰਦੂਸਣ ਵਿਚ ਭਾਰੀ ਵਾਧਾ ਹੋਣ ਕਾਰਣ ਸਾਡੇ ਭਵਿਖ ਲਈ ਵੱਡੀ ਖਤਰੇ ਦੀ ਘੰਟੀ ਹੈ। ਉਨ੍ਹਾਂ ਰੋਲਿੰਗ ਮਿਲਾਂ ਨੂੰ ਵੀ ਪ੍ਰਦੂਸ਼ਨ ਘਟਾਉਣ ਲਈ ਨਵੀ ਤਕਨੀਕ ਵਿਧੀ ਅਪਨਾਉਣ ਤੇ ਜੋਰ ਦਿਤਾ। ਇਸ ਮੌਕੇ ਯੂਨਾਈਟਿਡ ਨੈਸ਼ਨਲ ਵਿਕਾਸ ਪ੍ਰੋਜੈਕਟ ਬਾਰੇ ਟ੍ਰੇਨਿੰਗ ਮੈਨੂਅਲ ਵੀ ਜਾਰੀ ਕੀਤਾ ਗਿਆ।

ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾਏ

ਜ਼ੀਰਾ , 12 ਫਰਵਰੀ , (ਤਰਸੇਮ) ਸਥਾਨਕ ਸ਼ਹਿਰ ਜ਼ੀਰਾ ਦੇ ਗੌਰਮਿੰਟ ਕਾਲ੍ਹਜ਼ ਜ਼ੀਰਾ ਵਿਖੇ ਸਰਬੱਤ ਦੇ ਭਲੇ ਅਤੇ ਸੁਖ ਸਾਂਤੀ ਲਈ ਕਾਲਜ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋ ਕਾਲ੍ਹਜ਼ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਇਸ ਦੌਰਾਨ ਸਮਾਗਮ ਵਿੱਚ ਕੁਲਬੀਰ ਸਿੰਘ ਜ਼ੀਰਾ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ , ਬਾਬਾ ਰੇਸ਼ਮ ਸਿੰਘ ਖੁਖਰਾਣਾ ਵਾਲੇ , ਮਨਜੀਤ ਸਿੰਘ ਰਾਏ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਪਵਨ ਕੁਮਾਰ ਬਾਂਸਲ ਵਾਇਸ ਚੇਅਰਮੈਨ ਮਾਰਕੀਟ ਕਮੇਟੀ ਜ਼ੀਰਾ , ਜਸਬੀਰ ਸਿੰਘ ਬੰਬ ਸੀਨੀਅਰ ਕਾਂਗਰਸੀ ਆਗੂ , ਸੁਖਦੇਵ ਸਿੰਘ ਸੁੱਖਾ ਪ੍ਰਿੰਸੀਪਲ੍ਸ ਦਰਸ਼ਨ ਸਿੰਘ ਆਦਿ ਨੇ ਇੱਕਤਰ ਇੱਕਠ ਨੂੰ ਸੰਬੋਧਨ ਕਰਦਿਆ ਕਿਹਾ ਕਿ ਨੌਜਵਾਨਾਂ ਨੂੰ ਗੁਰੂ ਘਰ ਨਾਲ ਜੁੜਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਵਿੱਦਿਆ ਇੱਕ ਅਜ਼ਿਹੀ ਵਡਮੁੱਲੀ ਚੀਜ਼ ਹੈ ਜਿਸਨੂੰ ਨਾ ਤਾ ਕੋਈ ਚੁਰਾ ਸਕਦਾ ਹੈ ਤੇ ਨਾ ਹੀ ਕੋਈ ਖੋਹ ਸਕਦਾ ਹੈ । ਵਿਦਿਆਰਥੀ ਚੰਗੀ ਪੜਾਈ ਕਰਕੇ ਆਪਣੇ ਮਾ ਬਾਪ ਦਾ ਨਾਮ ਰੋਸ਼ਨ ਕਰਨ । ਉਹਨਾਂ ਅੱਗੇ ਕਿਹਾ ਕਿ ਵਿਦਿਆਰਥੀਆਂ ਨੂੰ ਨਸ਼ਿਆ ਅਤੇ ਬੁਰਾਈਆ ਦਾ ਤਿਆਗ ਕਰਕੇ ਧਾਰਮਿਕ ਸੋਚ ਅਪਣਾਉਣੀ ਚਾਹੀਦੀ ਹੈ ਤੇ ਖੇਡਾਂ ਅਤੇ ਪੜਾਈ ਵਿੱਚ ਦਿਲਚਸਪੀ ਦੇ ਨਾਲ-ਨਾਲ ਸਮਾਜ਼ ਸੁਧਾਰਕ ਕੰਮਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਇਸ ਦੌਰਾਨ ਮਨਪ੍ਰੀਤ ਸਿੰਘ ਜ਼ੀਰਾ ਦਿਲਬਾਗ ਸਿੰਘ , ਗੁਰਵਿੰਦਰ ਸਿੰਘ ਗੋਲਡੀ , ਵਿੱਕੀ ਸੰਧੂ , ਰਵੀ ਸੰਧੂ , ਜਗਸੀਰ ਵਿਰਕ , ਜਗਮੀਤ ਸਿੰਘ ਜੱਗੀ ਜ਼ੀਰਾ, ਕਮਲ ਸਿੱਧੂ, ਪਰਦੀਪ ਸ਼ਰਮਾ , ਭਗਵੰਤ ਸਿੰਘ, ਦਿਲਜੀਤ , ਵੱਲੋ ਆਏ ਹੋਏ ਪੰਤਵੰਤੇ ਸੱਜਣ, ਵਿਦਿਆਰਥੀਆਂ ਵਰਗ ਅਤੇ ਅਧਿਆਪਕ ਵਰਗ ਦਾ ਤਹਿ ਦਿਲੋ ਧੰਨਵਾਦ ਕੀਤਾ ਤੇ ਗੁਰੂ ਕਾ ਲੰਗਰ ਅਤੁੱਟ

ਇਸ ਵਾਰੀ ਬੋਰਡ ਦੀਆਂ ਪ੍ਰੀਖਿਆਵਾਂ 'ਚ ਨਕਲ ਨਹੀਂ ਚੱਲੇਗੀ

ਗੁਰਦਾਸਪੁਰ, 12 ਫਰਵਰੀ (ਅਵਤਾਰ ਸਿੰਘ ਬੋਪਾਰਾਏ)-ਇਸ ਵਾਰੀ ਮਾਰਚ ਮਹੀਨੇ ਸ਼ੁਰੂ ਹੋਣ ਵਾਲੀਆਂ ਅੱਠਵੀਂ, ਦੱਸਵੀਂ ਤੇ ਬਾਰ੍ਹਵੀਂ ਬੋਰਡ ਦੀਆਂ ਪ੍ਰੀਖਿਆਵਾਂ 'ਚ ਨਕਲ ਨੂੰ ਪੂਰੀ ਤਰ੍ਹਾਂ ਠੱਲ੍ਹ ਪਾਉਣ ਲਈ ਖਾਸ ਪ੍ਰਬੰਧ ਕੀਤੇ ਗਏ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਪ੍ਰੀਖਿਆਵਾਂ ਲਈ 4 ਹਜ਼ਾਰ ਦੇ ਲੱਗਭੱਗ ਪ੍ਰੀਖਿਆ ਕੇਂਦਰ ਬਣਾਏ ਗਏ ਹਨ। ਜਿਨ੍ਹਾਂ ਵਿੱਚ ਬੋਰਡ ਵੱਲੋਂ 40 ਹਜ਼ਾਰ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ। ਨਕਲ ਰੋਕਣ ਲਈ ਜਿੱਥੇ ਸਾਰੇ ਜ਼ਿਲ੍ਹਿਆਂ 'ਚ ਉਡ ਦਸਤੇ ਲਗਾਏ ਜਾ ਰਹੇ ਹਨ, ਉੱਥੇ ਬੋਰਡ ਵੱਲੋਂ ਸੰਵੇਦਨਸ਼ੀਲ ਪ੍ਰੀਖਿਆ ਕੇਂਦਰਾਂ 'ਚ ਬੋਰਡ ਵੱਲੋਂ ਸਪੈਸ਼ਲ ਟੀਮਾਂ ਵੀ ਭੇਜੀਆਂ ਜਾਣਗੀਆਂ। ਇਨ੍ਹਾਂ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਅੱਠਵੀਂ, ਦਸਵੀਂ ਤੇ ਬਾਰ੍ਹਵੀਂ ਦੇ 11 ਲੱਖ ਦੇ ਕਰੀਬ ਵਿਦਿਆਰਥੀ ਪ੍ਰੀਖਿਆ ਦੇਣਗੇ।

ਆਰੀਅਨਜ਼ ਸਕੂਲ ਨੂੰ ਪਹਿਲੇ ਬਿਜਨੇਸ ਸਕੂਲ ਦਾ ਦਰਜਾ ਮਿਲਿਆ

ਮੋਹਾਲੀ, 12 ਫਰਵਰੀ (ਵੀਨਾ ਰਾਜਪੂਤ) ਚੰਡੀਗੜ ਅਧਾਰਿਤ ਆਰੀਅਨਜ਼ ਬਿਜਨੇਸ ਸਕੂਲ (ਏ ਬੀ ਐਸ) ਖੇਤਰ ਦਾ ਪਹਿਲਾ ਬੀ ਸਕੂਲ ਬਣ ਗਿਆ ਹੈ ਜਿਸ ਨੂੰ ਦੁਨਿਆ ਦੀ ਬੇਹਤਰੀਨ ਸੰਸਥਾ ਯੂ ਐਸ ਸਥਿਤ ਐਸੋਸੀਏਸ਼ਨ ਟੂ ਐਡਵਾਂਸ ਕੋਲੀਜੀਏਟ ਸਕੂਲ ਆੱਫ ਬਿਜਨੇਸ (ਏ ਏ ਸੀ ਐਸ ਬੀ) ਦੀ ਮੈਂਬਰਸ਼ਿਪ ਮਿਲੀ ਹੈ। ਮੈਂਬਰਸ਼ਿਪ ਸਰਟੀਫਿਕੇਟ ਅੱਜ ਮਿਸ ਐਲਿਨ ਪੀਕੋਕ, ਵਾਈਸ ਪ੍ਰੇਜ਼ੀਡੈਂਟ ਐਂਡ ਚੀਫ ਆਫਿਸਰ, ਏਸ਼ਿਆ ਵਲੋ ਡਾ ਅੰਸ਼ੂ ਕਟਾਰਿਆ, ਚੇਅਰਮੈਨ, ਆਰੀਅਨਜ਼ ਬਿਜਨੇਸ ਸਕੂਲ ਨੂੰ ਏ ਏ ਸੀ ਐਸ ਬੀ ਦੇ ਏਸ਼ਿਅਨ ਹੈਡਕੁਆਰਟਰ ਸਿੰਘਾਪੁਰ ਵਿੱਚ ਦਿੱਤਾ ਗਿਆ। ਇਸ ਇੰਟਰਨੇਸ਼ਨਲ ਮੈਂਬਰਸ਼ਿਪ ਮਿਲਣ ਤੇ ਡਾ:ਅੰਸ਼ੂ ਕਟਾਰਿਆ ਨੇ ਖੁਸ਼ੀ ਵਿਅਕਤ ਕਰਦਿਆ ਕਿਹਾ ਕਿ ਏ ਏ ਸੀ ਐਸ ਬੀ ਦੀ ਮੈਂਬਰਸ਼ਿਪ ਦੇ ਨਾਲ ਆਰੀਅਨਜ਼ ਨੂੰ ਦੁਨਿਆ ਵਿੱਚ ਆਪਣੀ ਪ੍ਰਤਿਭਾ ਅਤੇ ਨੇਤਰਿਤਵ ਨੂੰ ਪ੍ਰਦਰਸ਼ਿਤ ਕਰਨ ਦੇ ਲਈ ਮੰਚ ਮਿਲ ਗਿਆ ਹੈ। ਇਕ ਪਾਸੇ ਇਸ ਨਾਲ ਸਾਡੇ ਮੋਜੂਦਾ ਵਿਦਿਆਰਥੀਆ ਨੂੰ ਪਲੇਸਮੇਂਟ ਵਿੱਚ ਮਦਦ ਮਿਲੇਗੀ ਅਤੇ ਦੂਜੇ ਪਾਸੇ ਇਸ ਨਾਲ ਸਾਨੂੰ ਇੰਟਰਨੇਸ਼ਨਲ ਮਾਰਕੀਟ ਨੂੰ ਸਮਝਣ ਦਾ ਮੋਕਾ ਵੀ ਮਿਲੇਗਾ। ਭਾਰਤ, ਉੱਚ ਸਿੱਖਿਆ ਪ੍ਰਦਾਨ ਕਰਨ ਵਾਸਤੇ ਸਾਰੀ ਦੁਨਿਆ ਦੇ ਵਿਦਿਆਰਥੀਆ ਲਈ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਮੁਸ਼ਕਲ ਵੀਜਾ ਨਿਯਮਾ ਅਤੇ ਰਹਿਣ ਦੀ ਉੱਚ ਲਾਗਤ ਦੇ ਕਾਰਨ ਵਿਦਿਆਰਥੀਆ ਦਾ ਯੂ ਐਸ ਏ, ਯੂਰੋਪ, ਆਸਟਰੇਲਿਆ ਵੱਲ ਜਾਣ ਦਾ ਟਰੈਂਡ ਘੱਟ ਹੋ ਰਿਹਾ ਹੈ । ਅਤੇ ਭਾਰਤ ਉੱਚ ਸਿਖਿਆ ਲਈ ਵਿਦਿਆਰਥੀਆ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਸਿੰਘਾਪੁਰ ਵਿੱਚ ਆਪਣੇ ਸੰਵਾਦਦਾਤਾ ਨਾਲ ਫੋਨ ਤੇ ਗੱਲ ਕਰਦੇ ਹੋਏ ਡਾ ਅੰਸ਼ੂ ਕਟਾਰਿਆ ਨੇ ਕਿਹਾ ਕਿ ਏ ਏ ਸੀ ਐਸ ਬੀ ਦੀ ਮੈਂਬਰਸ਼ਿਪ ਮਿਲਣ ਤੋ ਬਾਅਦ ਹੁਣ ਐਮ ਬੀ ਏ ਅਤੇ ਬੀ ਬੀ ਏ ਪ੍ਰੋਗਰਾਮ ਦੇ ਲਈ ਏਸ਼ਿਅਨ ਅਤੇ ਅਫਰੀਕਨ ਦੇਸ਼ਾ ਨੂੰ ਟਾਰਗੇਟ ਕਰਨਾ ਹੋਰ ਵੀ ਸੋਖਾ ਹੋ ਗਿਆ ਹੈ।ਇਹ ਵਰਨਣਯੋਗ ਹੈ ਕਿ ਸੰਸਾਰ ਦੇ ਮੰਨੇ ਪ੍ਰਮੰਨੇ ਬਿਜਨੇਸ ਸਕੂਲ ਜਿਵੇਂ ਹਾਵਰਡ, ਵਾਰਟਨ, ਕੈਲੋਗ, ਲੰਦਨ ਬਿਜਨੇਸ ਸਕੂਲ ਵੀ ਇਸ ਸੰਗਠਨ ਦਾ ਹਿੱਸਾ ਹਨ।

ਸ਼ਿਵਰਾਤਰੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ

ਅਮਲੋਹ, 12 ਫਰਵਰੀ (ਵਿਪਨ ਬਾਂਸਲ)- ਰਾਮ ਬਾਗ ਕਮੇਟੀ ਵਲੋਂ ਮਹਾਂ ਸਿਵਰਤਾਰੀ ਦਾ ਤਿਉਂਹਾਰ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਤੇ ਅਮਲੋਹ ਹਲਕੇ ਦੇ ਵਿਧਾਇਕ ਸ. ਸਾਧੂ ਸਿੰਘ ਧਰਮਸੋਤ ਅਤੇ ਯੂਥ ਵਿਕਾਸ ਬੋਰਡ ਦੇ ਚੈਅਰਮੈਨ ਸ੍ਰੀ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਮੁੱਖ ਮਹਿਮਾਨ ਵਜੋਂ ਸਿਰਕਤ ਕੀਤੀ ਅਤੇ ਇਸ ਤਿਉਂਹਾਰ ਦੀ ਵਧਾਈ ਦਿਤੀ। ਇਸ ਮੌਕੇ ਤੇ ਤਿੰਨ ਜਰੂਰਤਮੰਦ ਪ੍ਰੀਵਾਰਾਂ ਦੀਆਂ ਲੜਕੀਆਂ ਦੀ ਸਾਦੀ ਵੀ ਕੀਤੀ ਗਈ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ੍ਰੀ ਰਵਿੰਦਰ ਸਿੰਘ ਖਾਲਸਾ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਭਜਨ ਸਿੰਘ, ਸਰਕਲ ਅਮਲੋਹ ਦੇ ਪ੍ਰਧਾਨ ਸ੍ਰੀ ਦਰਸਨ ਸਿੰਘ ਚੀਮਾ, ਪੰਜਾਬ ਦੀ ਸਿਖਿਆ ਮੰਤਰੀ ਉਪਿੰਦਰਜੀਤ ਕੌਰ ਦੇ ਓ.ਐਸ.ਡੀ. ਸ੍ਰੀ ਰੋਸਨ ਸੂਦ, ਐਸ.ਓ.ਆਈ. ਹਲਕਾ ਅਮਲੋਹ ਦੇ ਇੰਚਾਰਜ ਸ੍ਰੀ ਸਿਮਰਨਜੀਤ ਸਿੰਘ ਸੰਮੀ, ਬਲਾਕ ਸੰਮਤੀ ਅਮਲੋਹ ਦੇ ਵਾਈਸ ਚੈਅਰਮੈਨ ਸ. ਪਰਮਜੀਤ ਸਿੰਘ ਖਨਿਆਣ, ਥਾਨਾ ਅਮਲੋਹ ਦੇ ਮੁਖੀ ਸ੍ਰੀ ਮਹੇਸ ਸੈਣੀ, ਚੌਕੀ ਸਲਾਣਾ ਦੇ ਇਂਚਾਰਜ ਸ੍ਰੀ ਬਲਵੀਰ ਸਿੰਘ, ਸੁਰਿੰਦਰ ਸਿੰਘ ਪੰਚ, ਨਗਰ ਕੌਂਸਲ ਅਮਲੋਹ ਦੇ ਸਾਬਕਾ ਪ੍ਰਧਾਨ ਬਲਦੇਵ ਸੇਢਾ, ਧਰਮਪਾਲ ਭੜੀ ਆਦਿ ਨੇ ਇਸ ਤਿਉਂਹਾਰ ਦੀ ਵਧਾਈ ਦਿਤੀ ਅਤੇ ਵਿਸਾਲ ਭੰਡਾਰਾ ਚਲਾਇਆ ਗਿਆ। ਨਵੇ ਜੋੜਿਆਂ ਨੂੰ ਘਰੇਲੂ ਜਰੂਰਤ ਦਾ ਸਾਰਾ ਸਮਾਨ ਦਿਤਾ ਗਿਆ।

ਸ਼ਹੀਦ ਅਮੋਲ ਪਾਰਕ ਦੀ ਕੋਈ ਸਾਰ ਲੈਣਾ ਵਾਲਾ ਨਹੀਂ

ਨੰਗਲ 12 ਫਰਵਰੀ (ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ) ਸੰਨ 1999 ਵਿੱਚ ਕਾਰਗਿਲ ਯੁੱਧ ਦੌਰਾਨ ਨੰਗਲ ਸ਼ਹਿਰ ਦੇ ਕੈਪਟਨ ਅਮੋਲ ਕਾਲੀਆ ਨੇ ਆਪਣੀ ਜਾਨ ਦੇ ਕੇ ਦੇਸ਼ ਨੂੰ ਅੱਤਵਾਦੀਆਂ ਤੋਂ ਮੁਕਤ ਕਰਵਾਇਆ ਸੀ ਐਸੇ ਹੀ ਕਈ ਸ਼ਹੀਦ ਨੌਜਵਾਨਾਂ ਦੀ ਭਾਰਤ ਸਰਕਾਰ ਅਤੇ ਪ੍ਰਦੇਸ਼ਾਂ ਦੀਆਂ ਸਰਕਾਰਾਂ ਨੇ ਢੁੱਕਵੀਆਂ ਯਾਦਗਾਰਾਂ ਬਣਾਈਆਂ ਸਨ। ਇਸੇ ਤਰ੍ਹਾਂ ਬੀ.ਬੀ.ਐਮ.ਬੀ. ਦੇ ਉਸ ਸਮੇਂ ਦੇ ਚੇਅਰਮੈਨ ਰੀਟਾ.ਲੈਫਟੀਨੈਂਟ ਮੇ. ਜਨਰਲ ਸ੍ਰੀ ਆਰ. ਆਰ. ਓਬਰਾਏ ਨੇ ਨੰਗਲ ਦੇ ਲਾਲ ਟੈਂਕੀ ਪਾਰਕ ਦਾ ਨਾਮ ਬਦਲ ਕੇ ਸ਼ਹੀਦ ਕੈਪਟਨ ਅਮੋਲ ਕਾਲੀਆ ਪਾਰਕ ਰੱਖਿਆ ਸੀ ਅਤੇ ਇਸ ਪਾਰਕ ਨੂੰ ਖੂਬਸੂਰਤ ਬਣਾਉਂਣ ਲਈ ਫੁੱਲਾਂ ਦੀਆਂ ਛੋਟੀਆਂ ਛੋਟੀਆਂ ਕਿਆਰੀਆਂ, ਗਮਲੇ ਆਦਿ ਬਣਵਾ ਕੇ ਇਕ ਖੂਬਸੂਰਤ ਫੁੱਲਾਂ ਨਾਲ ਸਜਿਆ ਪਾਰਕ ਬਣਾਇਆ। ਬੱਚਿਆਂ ਦੇ ਲਈ ਝੂਲੇ, ਪੀਂਘਾ ਅਤੇ ਕਸਰਤ ਕਰਨ ਦਾ ਸਮਾਨ ਰੱਖਿਆ ਸੀ ਇਸ ਦੇ ਨਾਲ ਫੁਆਰੇ ਵੀ ਲਾਏ ਸਨ ਰੋਜ਼ ਰਾਤ ਨੂੰ ਸ਼ਹਿਰ ਦੇ ਲੋਕ ਪਰਿਵਾਰ ਸਮੇਤ ਇਥੇ ਸੈਰ ਕਰਦੇ ਸਨ ਅਤੇ ਬੱਚੇ ਖੇਲ ਕੁੱਦਕੇ ਆਨੰਦ ਮਾਣਦੇ ਸਨ। ਪਰ ਹੋਲੀ ਹੋਲੀ ਇਹ ਪਾਰਕ ਨਰਕ ਦਾ ਰੂਪ ਧਾਰਨ ਕਰਦਾ ਗਿਆ ਅੱਜ ਇਸ ਪਾਰਕ ਦੀ ਹਾਲਤ ਬਹੁਤ ਹੀ ਤਰਸਯੋਗ ਹੈ। ਨਾ ਪਾਰਕ ਵਿੱਚ ਝੂਲੇ ਠੀਕ ਹਨ ਅਤੇ ਨਾ ਹੀ ਫੁਆਰੇ ਠੀਕ ਹਨ। ਜਿਸ ਕਰਕੇ ਲੋਕ ਇਸ ਪਾਰਕ ਵਿੱਚ ਜਾਣਾ ਘੱਟ ਗਏ ਸਨ। ਲੋਕਾਂ ਨੇ ਪ੍ਰਸ਼ਾਸਨ ਅਤੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਾਂ ਤਾਂ ਇਸ ਅਮੋਲ ਪਾਰਕ ਦਾ ਸੁਧਾਰ ਕੀਤਾ ਜਾਵੇ ਜਾਂ ਇਸ ਪਾਰਕ ਦੀ ਸਾਂਭ ਸੰਭਾਲ ਨਗਰ ਕੌਂਸਲ ਨੰਗਲ ਨੂੰ ਦਿੱਤੀ ਜਾਵੇ ਤਾਂ ਕਿ ਸ਼ਹੀਦ ਦੇ ਨਾਮ ਤੇ ਬਣਇਆ ਪਾਰਕ ਲੋਕਾਂ ਦੇ ਅਤੇ ਬੱਚਿਆਂ ਦੇ ਮੰਨੋਰੰਜਨ ਦੇ ਲਈ

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨਾਨਕ ਪਿਆਉ ਵੱਲੋਂ 12ਵੀ ਕਲਾਸ ਦੇ ਵਿਦਿਆਰਥੀ ਲਈ ਆਯੋਜਿਤ ਫੇਅਰਵੈਲ ਪਾਰਟੀ ਦੌਰਾਨ ਸਕੂਲ ਦੇ ਚੇਅਰਮੈਨ ਸ. ਦਵਿੰਦਰ ਸਿੰਘ ਕਵਾਤਰਾ ਵਿਦਿਆਰਥੀਆਂ ਨੂੰ ਭਵਿੱਖ ਬਾਰੇ ਨੁਕਤੇ ਸਮਝਾਉਂਦੇ ਤੇ ਸ਼ੁੱਭਕਾਮਨਾਵਾਂ ਦਿੰਦੇ ਹੋਏ। ਫੋਟੋ ਤੇ ਵੇਰਵਾ-ਅਨੂਪ ਅਸਥਾਨਾ, ਪੀ. ਐਸ. ਭਕਨਾ

ਪਿੰਡ ਮਜ਼ਵਿੰਡ ਵਿਖੇ ਤਿੰਨ ਰੋਜਾ ਖੇਡ ਟੂਰਨਾਮੈਂਟ ਕਰਵਾਇਆ

ਮਜੀਠਾ,12 ਫਰਵਰੀ (ਸੁਭਾਸ਼ ਮਜੀਠਾ) ਦੇਸ਼ ਭਗਤ ਗੁਰਮੁਖ ਸਿੰਘ ਜੈ ਹਿੰਦ ਸਪੋਰਟਸ ਅਤੇ ਵੈਲਫੇਅਰ ਕਲੱਬ ਗੋਪਾਲਪੁਰਾ ਤੇ ਕਨੇਡਾ ਵਾਸੀ ਸਵਰਾਜਪਾਲ ਸਿੰਘ ਕਨੇਡਾ ਵਲੋ ਸ਼ਹੀਦ ਭਗਤ ਸਿੰਘ ਸਟੇਡੀਅਮ ਮਜਵਿੰਡ ਵਿਖੇ ਤਿੰਨ ਰੋਜ਼ਾ ਖੇਡ ਟੂਰਨਾਮੈਂਟ ਕਰਵਾਇਆ ਗਿਆ। ਇਸ ਤਿੰਨ ਰੋਜਾ ਚਲੇ ਖੇਡ ਟੂਰਨਾਮੈਟ ਵਿੱਚ ਇਲਾਕੇ ਭਰ ਦੀਆਂ ਕਬੱਡੀ, ਵਾਲੀਵਾਲ ਤੇ ਫੁਟਬਾਲ ਦੀਆਂ ਟੀਮਾਂ ਨੇ ਭਾਗ ਲਿਆ। ਜਿਸ ਵਿੱਚ ਫੁਟਬਾਲ ਵਿੱਚ ਸ਼ਾਮਨਗਰ ਦੀ ਟੀਮ ਪਹਿਲੇ ਦਰਜੇ ਤੇ ਪਿੰਡ ਮਜਵਿੰਡ ਦੀ ਟੀਮ ਦੂਜੇ ਦਰਜੇ ਤੇ ਰਹੀ। ਸ਼ਾਮਨਗਰ ਦੀ ਟੀਮ ਨੂੰ ਪੰਜ਼ ਹਜਾਰ ਰੁਪੇ ਕਲੱਬ ਵਲੋ ਤੇ 11 ਹਜਾਰ ਰੁਪਏ ਸ੍ਰ ਮਜੀਠੀਆ ਵਲੋ ਦਿਤੇ ਗਏ। ਇਸੇ ਤਰਾ ਵਾਲੀਵਾਲ ਵਿਚ ਦਾਬਾਵਾਲੀ ਦੀ ਟੀਮ ਪਹਿਲੇ ਦਰਜੇ, ਤੇ ਜੇਠੂਨੰਗਲ ਦੀ ਟੀਮ ਦੂਜੇ ਦਰਜੇ ਤੇ ਰਹੀ, ਜਿਨਾ ਨੂੰ ਕਲੱਬ ਵਲੋ 5,5 ਹਜਾਰ ਰੁਪੇ ਕਲੱਬ ਵਲੋ ਤੇ 51,51 ਸੌ ਰੁਪੇ ਸ੍ਰ ਮਜੀਠੀਆ ਵਲੋ ਦਿਤੇ ਗਏ ਤੇ ਕਬੱਡੀ ਵਿੱਚ ਜਗਦੇਵ ਕਲਾਂ ਦੀ ਟੀਮ ਪਹਿਲੇ ਦਰਜੇ ਤੇ ਮਜਵਿੰਡ ਦੀ ਟੀਮ ਦੂਜੇ ਦਰਜੇ ਤੇ ਰਹੀ , ਜਿਨਾ ਨੂੰ ਕਲੱਬ ਵਲੋ ਕਰਮਵਾਰ ਚਾਰ ਹਜਾਰ ਤੇ ਤਿੰਨ ਹਜਾਰ ਰੁਪੇ ਦਿਤੇ ਗਏ। ਟੂਰਨਾਮੈਟ ਦੇ ਅਖੀਰੀ ਦਿਨ ਇਨਾਮ ਵੰਡ ਸਮਾਰੋਹ ਮੌਕੇ ਸ੍ਰ ਬਿਕਰਮ ਸਿੰਘ ਮਜੀਠੀਆ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਅਮ੍ਰਿਤਸਰ ਦੇ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਵਿਸ਼ੇਸ਼ ਤੌਰ ਤੇ ਪਹੁੰਚੇ,ਜਿਨਾ ਵਲੋ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਸਮੇ ਸ੍ਰ ਮਜੀਠੀਆ ਨੇ ਪਿੰਡ ਦੇ ਦੋ ਕਲੱਬਾ ਨੂੰ 51000 ਰੁਪੇ ਦੇਣ ਦਾ ਐਲਾਨ ਕੀਤਾ ਅਤੇ ਵਿਧਾਇਕ ਸ੍ਰ ਬੁਲਾਰੀਆ ਨੇ 11000 ਰੁਪੇ ਕਲੱਬ ਨੂੰ ਖੇਡ ਕਿਟਾਂ ਲਈ ਦਿਤੇ। ਇਸ ਮੌਕੇ ਸ੍ਰ ਮਜੀਠੀਆ ਨਾਲ ਇੰਦਰਬੀਰ ਸਿੰਘ ਬੁਲਾਰੀਆ, ਰਾਮਹਿੰਦਰ ਸਿੰਘ ਮਜੀਠਾ, ਤਲਬੀਰ ਸਿੰਘ ਗਿੱਲ, ਮੇਜ਼ਰ ਸ਼ਿਵ ਚਰਨ ਸਿੰਘ, ਗਗਨਦੀਪ ਸਿੰਘ ਭਕਨਾ,ਰਕੇਸ਼ ਪਰਾਸ਼ਰ ਸਰਵਣ ਸਿੰਘ ਧੁੰਨ, ਸੁਖਦੀਪ ਸਿੰਘ ਸਿਧੂ, ਕਲੱਬ ਚੇਅਰਮੈਨ ਸਵਰਾਜਪਾਲ ਸਿੰਘ, ਪ੍ਰਧਾਨ ਬਲਰਾਜ ਸਿੰਘ, ਅਵਤਾਰ ਸਿੰਘ, ਸੇਵਾ ਸਿੰਘ, ਲਖਵਿੰਦਰ ਸਿੰਘ, ਵਰਿੰਦਰ ਸਿੰਘ,ਬਲਵਿੰਦਰ ਕੁਮਾਰ, ਜੋਗਾ ਸਿੰਘ , ਸ਼ਮਸ਼ੇਰ ਸਿੰਘ, ਸੁਖਵੰਤ ਸਿੰਘ, ਸੁਖਜੀਤ ਸਿੰਘ, ਮਾਤਾ ਅਮੀਰ ਕੌਰ, ਜਸਪਾਲ ਸਿੰਘ ਸਿਡਨੀ ਭੁਪਿੰਦਰ ਸਿੰਘ ਕਾਦੀਆਂ, ਪ੍ਰੀਤਮ ਕੌਰ ਕਾਦੀਆਂ ਆਦਿ ਹਾਜ਼ਰ ਸਨ।

ਨਸ਼ਿਆਂ ਤੋਂ ਰਹਿਤ ਡਰਾਮਾ ਅੱਜ ਮਹਿਲਾ ਵਿਖੇ

ਸੰਗਰੂਰ, 12 ਫਰਵਰੀ (ਅਵਤਾਰ ਸਿੰਘ ਛਾਜਲੀ)- ਸੱਭਿਆਚਾਰਕ ਮੇਲਾ ਕਮੇਟੀ ਦੇ ਪ੍ਰਧਾਨ ਬਲੌਰ ਮਹਿਲਾ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪਿੰਡ ਮਹਿਲਾ ਵਿਖੇ 13 ਫਰਵਰੀ ਦਿਨ ਸ਼ਨੀਵਾਰ ਰਾਤ ਦੇ 8 ਵਜੇ ਪਿੰਡ ਦੇ ਵੱਡੇ ਦਰਵਾਜ਼ੇ ਵਿਖੇ ਨਸ਼ਿਆਂ ਤੋਂ ਰਹਿਤ ਇੱਕ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ। ਇਸ ਮੌਕੇ 'ਤੇ ਪੰਜਾਬੀ ਗਾਇਕ ਸੌਕੀਆ, ਬਿੰਦਰ ਕਾਜਲ, ਸੁੱਖੀ ਵਿਰਕ, ਜਸਪ੍ਰੀਤ ਜੱਸੀ, ਗਗਨ ਉਪਲਾ ਆਦਿ ਨਸ਼ਿਆਂ ਤੋਂ ਰਹਿਤ ਇੱਕ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ ਮੁੱਖ ਮਹਿਮਾਨ ਭੁਪਿੰਦਰ ਸਿੰਘ ਮੌੜ ਚੇਅਰਮੈਨ ਮਾਰਕੀਟ ਕਮੇਟੀ ਸਲਾਹਕਾਰ ਅਤੇ ਪ੍ਰਧਾਨਗੀ ਸ਼ਸ਼ੀ ਕਪੂਰ ਚੌਂਕੀ ਇੰਚਾਰਜ ਮਹਿਲਾ ਕਰਨਗੇ।

ਮਹਾਂ ਸ਼ਿਵਰਾਤਰੀ ਦੀ ਲੱਖ-ਲੱਖ ਵਧਾਈ
ਵੱਲੋਂ
ਵਾਈਟ ਹਾਊਸ ਟੇਲਰ
ਨੇੜੇ ਜੋਤੀ ਚੌਕ ਜੀ. ਟੀ. ਰੋਡ ਜਲੰਧਰ
ਪ੍ਰੋਪ. ਮੀਤ ਪ੍ਰਕਾਸ਼ ਕੈਂਥ

ਵਿਕਾਸ ਕੈਂਥ

ਹਰਿਆਣੇ ਦੇ ਸੂਰਜ ਕੁੰਡ ਮੇਲੇ ਦੀਆਂ ਤਸਵੀਰਾਂ ਰਾਹੀ ਵੱਖ-ਵੱਖ ਝੱਲਕੀਆਂ

ਹਰਿਆਣੇ ਦਾ 24ਵੇਂ ਸੂਰਜ ਕੁੰਡ ਮੇਲਾ ਭਾਰਤ ਹੀ ਨਹੀਂ ਪੂਰੀ ਦੁਨੀਆਂ ਵਿੱਚ ਮਸ਼ਹੂਰ ਹੈ। ਇਸ ਦੀ ਇੱਕ ਝੱਲਕ ਅੱਜ ਉਦੋਂ ਦੇਖਣ ਨੂੰ ਮਿਲੀ ਜਦ ਜਰਮਨੀ, ਸਪੇਨ, ਫ਼ਰਾਂਸ, ਚੀਨ, ਦੱਖਣੀ ਅਫ਼ਰੀਕਾ, ਅਮਰੀਕਾ ਤੋਂ ਲਗਭਗ 30,000 ਤੋਂ ਵੱਧ ਸਲਾਨੀ ਇਸ ਨੂੰ ਦੇਖਣ ਲਈ ਪਹੁੰਚੇ। ਇਨ੍ਹਾਂ ਤਸਵੀਰਾਂ ਵਿੱਚ ਬਾਹਰੋਂ ਆਏ ਸਲਾਨੀਆਂ 'ਚ ਜ਼ਿਆਦਾਤਰ ਔਰਤਾਂ ਸਨ ਇਨ੍ਹਾਂ ਨੇ ਇਸ ਮੇਲੇ ਜੋ ਸਭ ਤੋਂ ਜ਼ਿਆਦਾ ਪਸੰਦ ਕੀਤਾ ਪਸ਼ਮੀਨਾ ਸ਼ਾਲ ਰਿਹਾ।